Roll No. : .......................................

Total No. of Questions : **12** ] [ Total No. of Printed Pages : **4**

# A–315

## B.A. (Part-III) Examination, 2023

## PUNJABI

Paper - I

*Time : 3 Hours* ] [ *Maximum Marks : 100*

**Section–A** **(Marks : 2 × 10 = 20)**

***Note*** :– Answer all *ten* questions (Answer limit **50** words). Each question carries **2** marks.

**(खण्ड–अ)** **(अंक : 2 × 10 = 20)**

**नोट** :– सभी **दस** प्रश्नों के उत्तर दीजिए (उत्तर-सीमा **50** शब्द)। प्रत्येक प्रश्न **2** अंक का है।

**Section–B** **(Marks : 8 × 5 = 40)**

***Note*** :– Answer any *five* questions out of seven (Answer limit **200** words). Each question carries **8** marks.

**(खण्ड–ब)** **(अंक : 8 × 5 = 40)**

**नोट** :– सात में से किन्हीं **पाँच** प्रश्नों के उत्तर दीजिए (उत्तर-सीमा **200** शब्द)। प्रत्येक प्रश्न **8** अंक का है।

**Section–C** **(Marks : 20 × 2 = 40)**

***Note*** :– Answer any *two* questions out of four (Answer limit **500** words). Each question carries **20** marks.

**(खण्ड–स)** **(अंक : 20 × 2 = 40)**

**नोट** :– चार में से किन्हीं **दो** प्रश्नों के उत्तर दीजिए (उत्तर-सीमा **500** शब्द)। प्रत्येक प्रश्न **20** अंक का है।

## ਭਾਗ–ੳ

1. ਹੇਠ ਲਿਖੇ ਸਾਰੇ ਪ੍ਰਸ਼ਨ ਹੱਲ ਕਰੋ। ਪ੍ਰਸ਼ਨ ਦਾ ਉੱਤਰ ਲਗਭਗ 50 ਸ਼ਬਦਾਂ ਵਿੱਚ ਦਿਉ। ਹਰੇਕ ਪ੍ਰਸ਼ਨ 2 ਅੰਕ ਦਾ ਹੈ। 2×10=20

   (ੳ) 'ਨਵੇ ਦਿਸਹੱਦੇ' ਕਾਵਿ-ਸੰਗ੍ਰਹਿ ਨੂੰ ਕਿਸਨੇ ਸੰਪਾਦਿਤ ਕੀਤਾ ਹੈ ? ਕਾਵਿ-ਸੰਗ੍ਰਹਿ ਵਿਚ ਦਰਜ ਕੁਲ ਕਵੀਆਂ ਦੀ ਗਿਣਤੀ ਦੱਸੋ। 1, 1

   (ਅ) ਭਾਈ ਵੀਰ ਸਿੰਘ ਦੀ ਇਕ ਕਵਿਤਾ ਵਿਚ ਦਰਜ ਸ਼ਬਦ–'ਇੱਛਾਬਲ', ਕਿਸਦਾ ਨਾਮ ਹੈ ?

   (ੲ) 'ਚਾਚੀ ਈਸਰੀ' ਸ਼ਬਦ– ਕਿਸ ਕਵੀ ਦੀ ਕਵਿਤਾ ਵਿਚ ਦਰਜ ਹਨ ? ਕਵਿਤਾ ਦਾ ਨਾਮ ਵੀ ਲਿਖੋ। 1, 1

   (ਸ) ਸ਼ਿਵ ਕੁਮਾਰ ਨੇ ਕਵਿਤਾ 'ਕੰਡਿਆਲੀ ਥੋਹ੍ਰ' ਵਿਚ, ਆਪਣੀ ਤੁਲਨਾ ਕਿਹੜੀਆਂ ਚੀਜ਼ਾਂ / ਵਿਅਕਤੀਆਂ ਨਾਲ ਕੀਤੀ ਹੈ ? ਕੋਈ ਚਾਰ ਦੱਸੋ। ½×4

   (ਹ) 'ਵਰ ਘਰ' ਨਾਟਕ ਦੇ ਕੋਈ ਵੀ 4 ਇਸਤਰੀ-ਪਾਤਰਾਂ ਦੇ ਨਾਮ ਲਿਖੋ। ½×4

   (ਕ) ਈਸ਼ਵਰ ਚੰਦਰ ਨੰਦਾ ਦੇ 4 ਨਾਟਕਾਂ ਦੇ ਨਾਮ ਲਿਖੋ। ½×4

   (ਖ) ਜੇ ਤੁਸੀਂ ਨਾਟਕਕਾਰ ਈਸ਼ਵਰ ਚੰਦਰ ਨੰਦਾ ਦੀ ਥਾਂ ਹੁੰਦੇ, ਤਾਂ ਨਾਟਕ 'ਵਰ ਘਰ / ਲਿਲੀ ਦਾ ਵਿਆਹ' ਦਾ ਹੋਰ ਕਿਹੜਾ ਨਾਮ ਰੱਖਦੇ ?

   (ਗ) ਨਾਟਕ 'ਵਰ ਘਰ' ਦਾ ਕਿਹੜਾ ਪਾਤਰ, ਜਿਆਦਾਤਰ ਅੰਗ੍ਰੇਜੀ ਵਿਚ ਗੱਲਬਾਤ ਕਰਦਾ ਹੈ ? ਇਹ ਵੀ ਦੱਸੋ ਕਿ ਉਹ ਪਾਤਰ, ਜੈਕਿਸ਼ਨ ਨੂੰ ਅੰਗਰੇਜ਼ੀ ਵਿਚ ਕਿਹੜੇ ਨਾਮ ਨਾਲ ਬੁਲਾਉਂਦਾ ਹੈ ? 1, 1

   (ਘ) ਲੇਖਕ 'ਵਣਜਾਰਾ ਬੇਦੀ' ਦਾ ਪੂਰਾ ਨਾਮ ਲਿਖੋ। ਉਹਨਾਂ ਦਾ ਕਿਹੜਾ ਲੇਖ, 'ਰੀਝਾਂ ਤੇ ਅਜ਼ਾ' ਕਿਤਾਬ ਵਿਚ ਦਰਜ ਹੈ ? 1, 1

   (ਙ) 'ਰੀਝਾਂ ਤੇ ਅਜਾਂ' ਕਿਤਾਬ ਵਿਚਲਾ ਕਿਹੜਾ ਲੇਖ 'ਖੇਡਾ' ਨਾਲ ਸੰਬੰਧਤ ਹੈ ? ਉਸ ਲੇਖ ਦੇ ਲੇਖਕ ਦਾ ਨਾਮ ਵੀ ਲਿਖੋ।

## ਭਾਗ–ਅ

**ਨੋਟ :** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ 5 ਪੰਜ ਪ੍ਰਸ਼ਨਾਂ ਦੇ ਉੱਤਰ ਲਗਭਗ 250 ਸ਼ਬਦਾਂ ਵਿਚ ਲਿਖੋ। ਹਰੇਕ ਪ੍ਰਸ਼ਨ ਦੇ 8 ਅੰਕ ਹਨ।

2. ਪ੍ਰਸੰਗ ਸਹਿਤ ਵਿਆਖਿਆ ਕਰੋ।

ਤੇਰਾ ਇਕ ਦਿਲ ਹੈ ਜਾਂ ਦੋ ?
ਆਪੇ ਕਹੇਂ, ''ਮੈਂ ਤੇਰੀ ਤੇਰੀ'',
ਆਪੇ ਕਹੇ, ''ਨਾ ਛੋਹ''........
ਤੇਰਾ ਇਕ ਦਿਲ ਹੈ ਜਾਂ ਦੋ ?
ਰੋਵਾਂ ਜਦ ਆਖੇਂ, ''ਹੱਸ ਛੇਤੀ'',
ਹੱਸਾਂ, ਆਖੇਂ ''ਰੋ''.......
ਤੇਰਾ ਇਕ ਦਿਲ ਹੈ ਜਾਂ ਦੋ ? 8

3. ਪ੍ਰਸੰਗ ਸਹਿਤ ਵਿਆਖਿਆ ਕਰੋ :

ਸਾਡੇ ਘਰ ਅੱਜ
ਨਿੱਕੀ ਜਿਹੀ ਪ੍ਰਾਹਣੀ ਆਈ।
ਬਿੱਦ-ਬਿੱਦ ਤੱਕੇ
ਬੋਲ ਨਾ ਸੱਕੇ,
ਸਾਡੀ ਸਮਝੇ ਨਾ ਆਪਣੇ ਦਿਲ ਦੀ ਗੱਲ ਦੱਸੇ,
ਤਿੱਖਾ-ਤਿੱਖਾ ਰੋਵੇ,
ਨਿੱਕਾ-ਨਿੱਕਾ ਹੱਸੇ,
ਸਾਡੇ ਘਰ ਦੀਆਂ ਰਸਮਾਂ ਵੇਖ ਜਿਵੇ ਘਬਰਾਈ,
ਔਖੀਆਂ ਵਾਟਾਂ ਕੱਟ ਕੇ,
ਖਬਰ ਨਹੀਂ ਹੈ ਕਿਹੜੇ ਦੇਸੋਂ
ਰੱਬ ਦੀ ਘੱਲੀ
ਸਾਡੇ ਘਰ ਅੱਜ
ਨਿੱਕੀ ਜਿਹੀ ਪ੍ਰਾਹਣੀ ਆਈ। 8

4. ਪ੍ਰਸੰਗ ਸਹਿਤ ਵਿਆਖਿਆ ਕਰੋ।

ਮਹਾਰਾਜ ਕੀ ਦੱਸੀਏ, ਮੁੰਡੇ ਲੱਭਦੇ ਹੀ ਨਹੀਂ ਅੱਜਕਲ੍ਹ। ਮਹਾਰਾਜ, ਮੇਰੇ ਹੱਥ ਵਿਚ ਇਸ ਵੇਲੇ ਦਸ ਸਾਕ ਹੈਗੇ ਜੇ। ਕੁੜੀਆਂ ਬੈਰੀਆਂ ਨੇ, ਮਾਪੇ ਟੱਕਰਾ, ਮਾਰ ਰਹੇ ਨੇ, ਕੰਮ ਦੇ ਮੁੰਡੇ ਨਹੀਂ ਲੱਭਦੇ। ਜੇ ਵਰ ਏ ਤਾਂ ਘਰ ਨਹੀਂ, ਜੇ ਘਰ ਏ ਤੇ ਵਰ ਨਹੀਂ। 8

5. ਪ੍ਰਸੰਗ ਸਹਿਤ ਵਿਆਖਿਆ ਕਰੋ।

ਅੱਜਕਲ੍ਹ ਸਾਰਿਆਂ ਨੂੰ ਹੀ ਇਹ ਖਬਰ ਹੋ ਗਿਆ ਏ ਪਈ ਜੀਹਦੀ ਕੁੜੀ ਦੋ ਹਰਫ਼ ਅੰਗ੍ਰੇਜ਼ੀ ਦੇ ਪੜ੍ਹ ਜਾਂਦੀ ਏ, ਉਹ ਇਹੋ ਈ ਮੰਗਦਾ ਏ, ਪਈ ਮੁੰਡਾ ਹੋਵੇ ਤਾਂ England returned ਹੋਵੇ। ਉਰੇ ਨਜ਼ਰ ਹੀ ਨਹੀਂ ਦਿਕਦੀ। ਕਈ ਇਹੋ ਜਿਹੇ ਵੀ ਹੈਨ ਕਿ ਨਹਾਉਣਾ ਤੇ ਰੰਗਾ, ਨਹੀਂ ਤੇ ਮੂੰਹ ਵੀ ਨਹੀਂ ਪੋਣਾ। England-returned ਨੂੰ ਪਏ ਉਡੀਕਦੇ ਨੇ ਤੇ ਕੁੜੀਆਂ ਜਵਾਨ ਘਰ ਬਿਰਾਲ ਰੱਖੀਆਂ ਨੇਂ। 8

6. ਕੀ ਨਾਟਕ 'ਵਰ ਘਰ' (ਪ੍ਰਕਾਸ਼ਿਤ-1928) ਵਿਚ ਪੇਸ਼ ਵਿਆਹ ਸੰਬੰਧੀ ਮੁਸ਼ਕਲ; ਅੱਜ ਦੇ ਸਮੇਂ (2021) ਵਿਚ ਵੀ ਉਵੇਂ ਹੀ ਹਨ ? ਜੇ ਹਾਂ ਤਾਂ ਦੱਸੋ-ਕਿਵੇਂ ? ਜੇ ਨਹੀਂ ਤਾਂ ਦੱਸੋ-ਕਿਵੇਂ ਨਹੀਂ ? ਖੋਲ੍ਹਕੇ ਲਿਖੋ। 8

7. ਗਿ. ਗੁਰਦਿੱਤ ਸਿੰਘ ਦੇ ਲਿਖੇ ਲੇਖ-'ਮੇਲੇ ਤੇ ਤਿਉਹਾਰ' ਵਿਚ ਦਰਜ 'ਛਪਾਰ ਦੇ ਮੇਲੇ' ਬਾਰੇ ਦੱਸੋ। 8

8. ਡਾ. ਹਰਿਭਜਨ ਸਿੰਘ ਦੁਆਰਾ ਲਿਖੇ ਲੇਖ-'ਪੰਜਾਬੀ ਕਿੱਸਾ' ਵਿਚ ਆਏ-'ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ, ਦੁੱਲਾ ਭੱਟੀ ਵਾਲਾ....' ਗੀਤ ਨੂੰ ਪੂਰਾ ਲਿਖੋ ਅਤੇ ਇਸ ਗੀਤ ਦੇ ਇਤਿਹਾਸ ਨੂੰ ਖੋਲ੍ਹਕੇ ਲਿਖੋ। 3+5

## ਭਾਗ-ੲ

**ਨੋਟ :** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ (2) ਪ੍ਰਸ਼ਨਾਂ ਦਾ ਉੱਤਰ ਦਿਉ। ਉੱਤਰ ਲਗਭਗ 500 ਸ਼ਬਦਾਂ ਵਿੱਚ ਲਿਖੋ। ਹਰੇਕ ਪ੍ਰਸ਼ਨ 20 ਅੰਕਾ ਦਾ ਹੈ।

9. ਸੁਰਜੀਤ ਪਾਤਰ ਦੁਆਰਾ ਲਿਖੀ ਗਈ ਕਵਿਤਾ 'ਕੁਝ ਕਿਹਾ ਤਾਂ.....' ਦਾ ਕੇਂਦਰੀ ਭਾਵ, ਆਪਣੇ ਸ਼ਬਦਾਂ ਵਿਚ ਲਿਖੋ।

10. ਪ੍ਰੋ. ਮੋਹਨ ਸਿੰਘ ਦੁਆਰਾ ਲਿਖੀ ਕਵਿਤਾ 'ਤਾਜ ਮੱਹਲ' ਦਾ ਸਾਰ, ਆਪਣੇ ਸ਼ਬਦਾਂ ਵਿਚ ਲਿਖੋ।

11. ਨਜ਼ਮ ਹੁਸੈਨ ਸੱਯਦ ਦੁਆਰਾ ਲਿਖੇ ਲੇਖ-'ਪੂਰਨ ਤੇ ਰਸਾਲੂ' ਦਾ ਸਾਰ, ਆਪਣੇ ਸ਼ਬਦਾਂ' ਵਿਚ ਲਿਖੋ।

12. 'ਵਰ ਘਰ' ਨਾਟਕ ਵਿਚਲੇ ਆਪਣੇ ਕਿਸੀ ਵੀ ਮਨਪਸੰਦ ਪਾਤਰ ਦਾ ਚਿਤਰਣ, ਆਪਣੇ ਸ਼ਬਦਾਂ ਵਿਚ ਕਰੋ। 20×2=40